ਪੰਜਾਬ ਸਰਕਾਰ
ਮੈਡੀਕਲ ਸਿੱਖਿਆ ਅਤੇ ਖੋਜ ਵਿਭਾਗ
ਡਾਇਰੈਕਟਰ, ਖੋਜ਼ ਅਤੇ ਮੈਡੀਕਲ ਸਿਖਿਆ, ਪੰਜਾਬ

## ਹੁਕਮ

ਸਰਕਾਰੀ ਕਾਲਜ ਆਫ ਨਰਸਿੰਗ, ਪਟਿਆਲਾ/ਅੰਮ੍ਰਿਤਸਰ ਦੇ ਸਾਇਕੈਟਰੀ ਵਿਭਾਗ ਵਿੱਚ ਟਿਉਟਰ ਦੀਆਂ ਮੰਨਜੂਰਸ਼ੁਦਾ ਆਸਾਮੀਆਂ ਵਿੱਚੋਂ ਤੱਰਕੀ ਕੋਟੇ ਦੀਆਂ ਖਾਲੀ ਪਈਆਂ ਆਸਾਮੀਆਂ ਨੂੰ ਡਾਇਰੈਕਟਰ, ਸਿਹਤ ਤੇ ਪਰਿਵਾਰ ਭਲਾਈ ਵਿਭਾਗ ਦੇ ਕਾਡਰ ਵਿੱਚੋਂ ਸੀਨੀਆਰਤਾ ਦੇ ਆਧਾਰ ਤੇ ਤਨਖਾਹ ਸਕੇਲ ਰੂ 10300-34800 + 4800 ਗ੍ਰੇਡ ਪੇ ਵਿੱਚ ਪਦ-ਉਨੱਤ ਕੀਤਾ ਜਾਂਦਾ ਹੈ:-

| ਲੜੀ ਨੰ: | ਕਰਮਚਾਰਨ ਦਾ ਨਾਂ, ਅਹੁੱਦਾ, ਤੈਨਾਤੀ ਦੀ ਥਾਂ ਸ੍ਰੀ/ ਸ੍ਰੀਮਤੀ | ਤਰੱਕੀ ਉਪਰੰਤ ਤੈਨਾਤੀ ਦੀ ਥਾਂ | ਵਿਸੇਸ ਕਥਨ |
|---|---|---|---|
| 1 | ਸਵਿਤਾ ਸਰਮਾ, ਪੀ ਐਚ ਐਨ, ਸਰਕਾਰੀ ਕਾਲਜ ਆਫ ਨਰਸਿੰਗ, ਅਮ੍ਰਿੰਤਸਰ (ਜਰਨਲ) | ਸਰਕਾਰੀ ਕਾਲਜ ਆਫ ਨਰਸਿੰਗ, ਅਮ੍ਰਿੰਤਸਰ | |
| 2. | ਕਿਰਨਦੀਪ ਕੌਰ, ਪੀ ਐਚ ਐਨ, ਸਰਕਾਰੀ ਕਾਲਜ ਆਫ ਨਰਸਿੰਗ, ਪਟਿਆਲਾ (ਜਰਨਲ) | ਸਰਕਾਰੀ ਕਾਲਜ ਆਫ ਨਰਸਿੰਗ, ਪਟਿਆਲਾ | |
| 3. | ਦਲਬੀਰ ਕੌਰ, ਸਿਸਟਰ ਟਿਉਟਰ, ਸਰਕਾਰੀ ਕਾਲਜ ਆਫ ਨਰਸਿੰਗ, ਅਮ੍ਰਿੰਤਸਰ (ਜਰਨਲ) | ਸਰਕਾਰੀ ਕਾਲਜ ਆਫ ਨਰਸਿੰਗ, ਅਮ੍ਰਿੰਤਸਰ | |
| 4. | ਜੀਵਨਪ੍ਰੀਤ ਕੌਰ, ਸਟਾਫ ਨਰਸ, ਟੀ ਬੀ ਹਸਪਤਾਲ, ਪਟਿਆਲਾ (ਜਰਨਲ) | ਸਰਕਾਰੀ ਕਾਲਜ ਆਫ ਨਰਸਿੰਗ, ਪਟਿਆਲਾ | |
| 5. | ਗਗਨਦੀਪ ਕੌਰ, ਸਟਾਫ ਨਰਸ, ਸਰਕਾਰੀ ਨਰਸਿੰਗ ਕਾਲਜ, ਪਟਿਆਲਾ ( ਅ: ਜ:) | ਸਰਕਾਰੀ ਕਾਲਜ ਆਫ ਨਰਸਿੰਗ, ਪਟਿਆਲਾ | ਰਾਖਵੇਂ ਨੁੱਕਤੇ ਵਿਰੁੱਧ |
| 6. | ਹਰਪ੍ਰੀਤ ਕੌਰ, ਸਟਾਫ ਨਰਸ, ਸ਼ਹੀਦ ਮਦਨ ਲਾਲ ਢੀਗਰਾ ਸਕੂਲ ਆਫ ਨਰਸਿੰਗ, ਅੰਮ੍ਰਿਤਸਰ (ਜਨਰਲ) | ਸਰਕਾਰੀ ਕਾਲਜ ਆਫ ਨਰਸਿੰਗ, ਅਮ੍ਰਿੰਤਸਰ | |

ੳ) ਇਹ ਕਰਮਚਾਰਣਾਂ ਇੱਕ ਸਾਲ ਦੇ ਪਰਖ ਸਮੇਂ ਅਧੀਨ ਰਹਿਣਗੇ ।

ਅ) ਪੰਜਾਬ ਨਰਸਿੰਗ ਐਜੂਕੇਸਨ (ਗਰੁੱਪ-ਬੀ) ਸਰਵਿਸ ਰੂਲਜ, 2016 ਵਿੱਚ ਦਰਜ ਨਿਰਧਾਰਤ ਸ਼ਰਤਾਂ ਲਾਗੂ ਹੋਣਗੀਆਂ।

ੲ) ਇਹ ਹੁਕਮ ਵੱਖ-ਵੱਖ ਅਦਾਲਤਾਂ ਵਿੱਚ ਚਲ ਰਹੇ ਕੋਰਟ ਕੇਸਾਂ ਵਿੱਚ ਹੋਣ ਵਾਲੇ ਫੈਸਲਿਆਂ ਜਾਂ ਰਿਕਾਰਡ ਦੇ ਅਧਾਰ ਤੇ ਜਾਂ ਕੋਈ ਹੋਰ ਨਵੇਂ ਤੱਥ ਅਧਿਕਾਰੀ ਬਾਰੇ ਸਰਕਾਰ ਦੇ ਧਿਆਨ ਵਿੱਚ ਆਉਂਦੇ ਹਨ ਤਾਂ ਉਸ ਦੀ ਕੀਤੀ ਗਈ ਪਦ-ਉੱਨਤੀ ਬਾਰੇ ਮੁੜ ਵਿਚਾਰ ਕੀਤਾ ਜਾਵੇਗਾ ਅਤੇ ਬਿਨਾਂ ਕਿਸੇ ਨੋਟਿਸ ਤੇ ਉਸਨੂੰ ਹੇਠਲੀ ਆਸਾਮੀ ਤੇ ਰਿਵਰਟ ਕਰ ਦਿੱਤਾ ਜਾਵੇਗਾ ।

Scanned by CamScanner

ਸ) ਇਹ ਹੁਕਮ 85ਵੀਂ ਸੰਵਿਧਾਨਕ ਸੋਧ ਨੂੰ ਲਾਗੂ ਕਰਨ ਬਾਰੇ ਸਰਕਾਰ ਵਲੋ ਲਏ ਗਏ ਫੈਸਲੇ ਤੇ ਅਧਾਰਤ ਹੋਣਗੇ ।

ਹ) ਸਬੰਧਤ ਕਰਮਚਾਰਣ ਪਦ-ਉਨੱਤੀ ਉਪਰੰਤ ਤੁਰੰਤ ਹਾਜਰੀ ਰਿਪੋਰਟ ਉਨਾਂ ਦੀ ਨਿਯੁਕਤੀ ਬਾਬਤ ਕੀਤੇ ਹੁਕਮਾਂ ਅਨੁਸਾਰ ਨਿਯੁਕਤੀ ਸਥਾਨ ਉਪਰ ਪੇਸ ਕਰਣਗੇ । ਹਾਜਰ ਹੋਣ ਦੇ ਸਮੇਂ ਵਿੱਚ ਕਿਸੇ ਵੀ ਹਾਲਤ ਵਿੱਚ ਵਾਧਾ ਨਹੀ ਕੀਤਾ ਜਾਵੇਗਾ ਅਤੇ ਨਾ ਹੀ ਇਸ ਸਬੰਧੀ ਕਿਸੇ ਕਿਸਮ ਦੀ ਪ੍ਰਤੀ ਬੇਨਤੀ ਤੇ ਵਿਚਾਰ ਕੀਤਾ ਜਾਵੇਗਾ ।

ਕ) ਜੇਕਰ ਕਰਮਚਾਰਣ ਵਿਰੁੱਧ ਭੈੜੇ ਕਥਨਾਂ ਬਾਰੇ ਜਾਂ ਵਿਭਾਗੀ ਕਾਰਵਾਈ ਆਦਿ ਚੱਲ ਰਹੇ ਕੇਸਾਂ ਬਾਰੇ ਸਰਕਾਰ ਦੇ ਧਿਆਨ ਵਿੱਚ ਆਉਂਦਾ ਹੈ ਤਾਂ ਕੀਤੀ ਪਦ-ਉਨੱਤੀ ਨੂੰ ਮੁੜ ਵਿਚਾਰਿਆ ਜਾਵੇਗਾ ।

ਖ) ਪਦ-ਉਨੱਤੀ ਦੀ ਆਸਾਮੀ ਤੇ ਹਾਜਰ ਨਾ ਹੋਣ ਦੀ ਸੂਰਤ ਵਿੰਚ ਸਬੰਧਤ ਕਰਮਚਾਰਣ ਨੂੰ ਨਿਯਮਾਂ ਅਨੁਸਾਰ 2 ਸਾਲ ਲਈ ਤਰੱਕੀ ਲਈ ਡੀ-ਬਾਰ ਕਰ ਦਿੱਤਾ ਜਾਵੇਗਾ ।

ਗ) ਇਹ ਪਦ-ਉਨੱਤੀ ਪ੍ਰਬੰਧਕੀ ਜਰੂਰਤਾਂ ਦੇ ਅਧਾਰ ਤੇ ਮੁੜ ਵਿਚਾਰੀ ਜਾ ਸਕਦੀ ਹੈ ।

ਇਹ ਹੁਕਮ ਸਮਰੱਥ ਅਥਾਰਟੀ ਦੀ ਪ੍ਰਵਾਨਗੀ ਨਾਲ ਜਾਰੀ ਕੀਤੇ ਜਾਂਦੇ ਹਨ ।

ਮਿਤੀ, ਚੰਡੀਗੜ੍ਹ :
29.12.2017

ਸੰਜੇ ਕੁਮਾਰ, ਆਈ.ਏ.ਐਸ.
ਪ੍ਰਮੁੱਖ ਸਕੱਤਰ ਪੰਜਾਬ ਸਰਕਾਰ
ਮੈਡੀਕਲ ਸਿਖਿਆ ਅਤੇ ਖੋਜ ਵਿਭਾਗ

ਪਿੱਠ ਅੰਕਣ ਨੰ: 3 ਐਮ ਈ 1-ਪੰ-2017/ 20212-24 ਮਤੀ, ਚੰਡੀਗੜ੍ਹ 29.12.2017

ਉਤਾਰਾ ਹੇਠ ਲਿਖਿਆ ਨੂੰ ਸੂਚਨਾਂ ਹਿੱਤ ਭੇਜਿਆ ਜਾਂਦਾ ਹੈ :-

1) ਪ੍ਰਮੁੱਖ ਸਕੱਤਰ,ਪੰਜਾਬ ਸਰਕਾਰ ਸਿਹਤ ਤੇ ਪਰਿਵਾਰ ਭਲਾਈ ਵਿਭਾਗ,ਚੰਡੀਗੜ੍ਹ ।
2) ਡਾਇਰੈਕਟਰ,ਸਿਹਤ ਤੇ ਪਰਿਵਾਰ ਭਲਾਈ ਪੰਜਾਬ ਚੰਡੀਗੜ੍ਹ ।
3) ਮਹਾਲੇਖਾਕਾਰ (ਆਡਿਟ) ਪੰਜਾਬ,ਚੰਡੀਗੜ੍ਹ ।
4) ਮਹਾਲੇਖਾਕਾਰ (ਲੇਖਾ ਅਤੇ ਹੱਕਦਾਰੀ) ਪੰਜਾਬ ਚੰਡੀਗੜ੍ਹ ।
5) ਪ੍ਰਿੰਸੀਪਲ,ਸਰਕਾਰੀ ਮੈਡੀਕਲ ਕਾਲਜ,ਪਟਿਆਲਾ/ਅੰਮ੍ਰਿਤਸਰ ਅਤੇ ਗੁਰੂ ਗੋਬਿੰਦ ਸਿੰਘ ਮੈਡੀਕਲ ਕਾਲਜ,ਫਰੀਦਕੋਟ / ਕਾਲਜ ਆਫ ਨਰਸਿੰਗ ਪਟਿਆਲਾ/ਅੰਮ੍ਰਿਤਸਰ।
6) ਮੈਡੀਕਲ ਸੁਪਰਡੰਟ, ਗੁਰੂ ਨਾਨਕ ਦੇਵ ਹਸਪਤਾਲ, ਅਮ੍ਰਿੰਤਸਰ/ ਰਾਜਿੰਦਰਾ ਹਸਪਤਾਲ, ਪਟਿਆਲਾ।
7) ਨਿੱਜੀ ਸਕੱਤਰ/ਐਮ.ਈ.ਆਰ.ਐਮ ।
8) ਨਿੱਜੀ ਸਕੱਤਰ/ਪੀ.ਐਸ.ਐਮ.ਈ.ਆਰ ।
9) ਸ.ਸ.ਸ/ਯੂ.ਐਸ.ਐਮ.ਈ.ਆਰ ।
10) ਸੁਪਰਡੰਟ ਸਿਹਤ-3 ਸਾਖਾ ।
11) ਸੰਬਧਤ ਕਰਮਚਾਰਣ।

ਡਾਇਰੈਕਟਰ, ਖੋਜ਼ ਅਤੇ ਮੈਡੀਕਲ ਸਿਖਿਆ, ਪੰਜਾਬ।

Scanned by CamScanner